| | | |
|---|---|---|
| ਜਸਵਿੰਦਰ ਸਿੰਘ ਵਾਸੀ ਮਕਾਨ ਨੰ. 4063, ਪਾਲਮ ਸਿਟੀ, ਚੰਡੀਗੜ੍ਹ ਰੋਡ, ਪਿੰਡ ਕੋਹਾੜਾ, ਲੁਧਿਆਣਾ। ਜਾਮਨ: ਸ਼੍ਰੀ ਜਸਵਿੰਦਰ ਸਿੰਘ ਪੁੱਤਰ ਸ਼੍ਰੀ ਤਰਸੇਮ ਸਿੰਘ ਵਾਸੀ ਮਕਾਨ ਨੰ. 4063, ਪਾਲਮ ਸਿਟੀ, ਚੰਡੀਗੜ੍ਹ ਰੋਡ, ਪਿੰਡ ਕੋਹਾੜਾ, ਲੁਧਿਆਣਾ। | 9//23-24-22-18//7/1-1/4/1-4/2-3-2, ਖਾਤਾ ਨੰ. 74/82-77/85-131/138-769/809 ਸ਼ਾਮਿਲ ਹੈ, ਅਨੁਸਾਰ ਜਮ੍ਹਾਂਬੰਦੀ ਸਾਲ 2007-08, ਪਿੰਡ ਕੋਹਾੜਾ, ਹਦਬਸਤ ਨੰ. 224, ਪਾਲਮ ਸਿਟੀ ਵਜੋਂ ਜਾਣਿਆ ਜਾਂਦਾ ਹੈ, ਚੰਡਗੜ੍ਹ ਰੋਡ,ਕੋਹਾੜਾ, ਤਹਿਸੀਲ ਤੇ ਜਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ, ਅਨੁਸਾਰ ਸੇਲ ਡੀਡ ਰਜਿਸਟਰਡ ਵਸੀਕਾ ਨੰ. 2096, ਮਿਤੀ 20-12-2013 ਸ਼੍ਰੀਮਤੀ ਹਰਜਿੰਦਰ ਕੌਰ ਪਤਨੀ ਸ਼੍ਰੀ ਜਸਵਿੰਦਰ ਸਿੰਘ ਦੇ ਨਾਂ ਤੇ ਹੈ। ਹਦਾਂ ਇਸ ਤਰ੍ਹਾਂ ਹਨ: ਪੂਰਬ: ਪਲਾਟ ਨੰ. 4052, ਪੱਛਮ: ਰੋਡ, ਉੱਤਰ: ਪਲਾਟ ਨੰ. 4064, ਦੱਖਣ: ਪਲਾਟ ਨੰ. 4062। | ਚਾਰਜਿਸ ਅਤੇ ਖਰਚੇ ਨਾਲ 02-12-2015 ਤੋਂ ਲਾਗੂ ਬੇਸ ਰੇਟ (ਹੁਣ ਬੇਸ ਰੇਟ 9.70%) ਤੇ ਵਿਆਜ |
| ਮਿਤੀ : 15-02-2016<br>ਸਥਾਨ : ਲੁਧਿਆਣਾ | | (ਅਧਿਕਾਰਤ ਅਫਸਰ)<br>ਇਲਾਹਾਬਾਦ ਬੈਂਕ |

ਹੈ ਅਤੇ ਯੁਵਕਾਂ ਨੂੰ ਇਸ ਦਾ ਵੱਧ ਤੋਂ ਲਾਭ ਉਠਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਸੀ ਪਾਈਟ ਕੈਂਪ ਵੀ ਇਸੇ ਦਿਸ਼ਾ ਵਿਚ ਚੁੱਕਿਆ ਗਿਆ ਮਹੱਤਵਪੂਰਨ ਕਦਮ ਹੈ।

| | | | | |
|---|---|---|---|---|
| NIL | NIL | NIL | NIL | NIL |
| NIL | NIL | NIL | NIL | NIL |
| NIL | NIL | NIL | NIL | NIL |
| | - | | | |
| 6500490 | 6511827 | 6511827 | 6500490 | 6511827 |
| 100% | 100% | 100% | 100% | 100% |
| 45.94% | 46.02% | 46.02% | 45.94% | 46.02% |
| | 3 Months Ended 31st December, 2015 | | | |
| | -- | | | |
| | -- | | | |
| | -- | | | |
| | -- | | | |

**NUE, RESULTS AND CAPITAL EMPLOYED**
**IONTHS ENDED 31ST DECEMBER, 2015**

(Rs. in Lacs)

| rresponding 3 Months Ended 31st December 2014 (Un-audited) | Preceding 3 Months Ended 30th September 2015 (Un-audited) | 9 Months Ended 31st December 2015 (Un-audited) | 9 Months Ended 31st December 2014 (Un-audited) | Twelve Months Ended 31st March 2015 (Audited) |
|---|---|---|---|---|
| 11216.94 | 5890.17 | 20150.65 | 29958.31 | 48855.77 |
| 4212.78 | 5463.90 | 17012.10 | 13472.26 | 17405.21 |
| 588.48 | 40.19 | 1047.97 | 653.95 | 1428.34 |
| 16018.20 | 11394.26 | 38210.72 | 44084.52 | 67689.32 |
| -- | -- | -- | -- | -- |
| 16018.20 | 11394.26 | 38210.72 | 44084.52 | 67689.32 |
| 419.31 | 50.18 | 267.90 | 1057.38 | 2448.09 |
| 428.00 | 630.66 | 1658.31 | 1303.72 | 1499.12 |
| 124.72 | 29.41 | 285.88 | 145.95 | 333.20 |
| 972.03 | 710.25 | 2212.09 | 2507.05 | 4280.41 |
| 258.07 | 212.81 | 594.92 | 774.36 | 827.92 |
| 435.42 | 289.80 | 1082.31 | 1133.05 | 2431.85 |
| -- | -- | -- | -- | -- |
| 278.54 | 207.64 | 534.86 | 599.64 | 1020.64 |
| 1459.08 | 1174.25 | 1070.45 | 1459.08 | 1143.56 |
| 3852.44 | 4035.75 | 4535.75 | 3852.44 | 3928.75 |
| 3046.92 | 3050.71 | 3208.69 | 3046.92 | 3275.64 |
| 8358.44 | 8260.71 | 8814.89 | 8358.44 | 8347.95 |

Audit Committee and approved by the Board of Directors at 16 at 5.00 P.M. at its Regd. Office.

en regrpuped / rearranged / recasting wherever considered

Agreement.

**For and on behalf of the Board of Directors,**
**Sd/-**
**Rajinder Mittal**
**Managing Director**

# 18 ਫਰਵਰੀ ਨੂੰ ਜ਼ਿਲ੍ਹਾ ਪੱਧਰੀ ਸਮਾਗਮ ਨਾਲ ਹੋਵੇਗੀ ਵਧੀ ਹੋਈ ਪੈਨਸ਼ਨ ਸਕੀਮ ਦੀ ਸ਼ੁਰੂਆਤ

**ਮੰਡੀ ਲਾਧੂਕਾ, ਫਾਜ਼ਿਲਕਾ/ਹਰਜੀਤ ਵਾਰਵਲ :** ਪੰਜਾਬ ਸਰਕਾਰ ਵੱਲੋਂ ਬੁਢਾਪਾ, ਵਿਧਵਾ, ਆਸ਼ਰਿਤ ਬੱਚੇ ਅਤੇ ਅੰਪਗਤਾ ਪੈਨਸ਼ਨ ਦੀ ਰਾਸ਼ੀ ਵਿਚ ਵਾਧਾ ਕਰ ਦਿੱਤਾ ਗਿਆ ਹੈ ਅਤੇ ਹੁਣ ਲਾਭਪਾਤਰੀਆਂ ਨੂੰ ਹਰ ਮਹੀਨੇ 250 ਰੁਪਏ ਦੀ ਥਾਂ ਤੇ 500 ਰੁਪਏ ਪੈਨਸ਼ਨ ਮਿਲਿਆ ਕਰੇਗੀ। ਸਰਕਾਰ ਨੇ ਪੈਨਸ਼ਨ ਵੰਡ ਪ੍ਰਕ੍ਰਿਆ ਨੂੰ ਸਰਲ ਕਰਨ ਦੇ ਉਦੇਸ਼ ਨਾਲ ਪਿੰਡਾਂ ਵਿਚ ਪੈਨਸ਼ਨਾਂ ਵੰਡਣ ਦਾ ਕੰਮ ਪੰਚਾਇਤਾਂ ਨੂੰ ਸੌਂਪਣ ਦਾ ਨਿਰਣਾ ਵੀ ਕੀਤਾ ਹੈ ਅਤੇ ਇਸ ਨਵੀਂ ਸਕੀਮ ਦੀ ਸ਼ੁਰੂਆਤ 18 ਫਰਵਰੀ 2016 ਨੂੰ ਜ਼ਿਲ੍ਹਾ ਪੱਧਰੀ ਸਮਾਗਮ ਰਾਹੀਂ ਹੋ ਜਾਵੇਗੀ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਈਸ਼ਾ ਕਾਲੀਆ ਨੇ ਅੱਜ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਲਈ ਕੀਤੀ ਗਈ ਮੀਟਿੰਗ ਦੌਰਾਨ ਦਿੱਤੀ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 18 ਫਰਵਰੀ ਨੂੰ ਫਾਜ਼ਿਲਕਾ ਦੇ ਐਸ.ਕੇ.ਬੀ.ਡੀ.ਏ.ਵੀ. ਸਕੂਲ ਪੈਂਚਾਂਵਾਲੀ ਵਿਚ ਹੋਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਵਿਚ ਮੁੱਖ ਮਹਿਮਾਨ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਚੌਧਰੀ ਸੁਰਜੀਤ ਕੁਮਾਰ ਜਿਆਣੀ ਹੋਣਗੇ। ਉਨ੍ਹਾਂ ਦੱਸਿਆ ਕਿ ਇਸ ਜ਼ਿਲ੍ਹਾ ਪੱਧਰੀ ਸਮਾਗਮ ਤੋਂ ਇਲਾਵਾ ਸਬ ਡਵੀਜ਼ਨ ਪੱਧਰ ਤੇ ਵੀ ਅਜਿਹੇ ਸਮਾਗਮ ਆਯੋਜਿਤ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਸਮਾਗਮ ਵਿਚ ਵੱਖ ਵੱ[illegible] ਪਿੰਡਾਂ ਤੋਂ ਬੁਢਾਪਾ ਪੈਨਸ਼ਨ ਲਾਭਪਾਤਰੀਆਂ ਨੂੰ ਸਮਾਗਮ ਵਿਚ ਸੱਦਾ ਦਿੱਤਾ ਜਾਵੇਗਾ। ਜਿੱਥੇ ਮੁੱਖ ਮਹਿਮਾਨ ਵੱਲੋਂ ਉਨ੍ਹਾਂ ਨੂੰ ਪੈਨਸ਼ਨ ਵੰਡ ਸਮਾਗਮ ਵਿਚ ਪੈਨਸ਼ਨਾਂ ਦੀ ਵੰਡ ਕੀਤੀ ਜਾਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹੇ ਵਿਚ ਕੁੱਲ 65514 ਪੈਨਸ਼ਨਧਾਰਕ ਹਨ ਜਿਨ੍ਹਾਂ ਨੂੰ ਵਧੀਆਂ ਹੋਈਆਂ ਪੈਨਸ਼ਨ ਦਰਾਂ ਨਾਲ 3 ਕਰੋੜ 27 ਲੱਖ 57 ਹਜਾਰ ਰੁਪਏ ਦੀ ਪੈਨਸ਼ਨ ਵੰਡੀ ਜਾਵੇਗੀ।

# ਸੁਖਾਨੰਦ ਕਾਲਜ (ਮੋਗਾ) ਦੀਆਂ ਵਿਦਿਆਰਥਣਾਂ ਗੁਰਮਤਿ ਗਿਆਨ 'ਚ ਜੇਤੂ

ਸ਼ਮਸ਼ੇਰ/ਕਰਮਜੀਤ



ਭਲੂਰ : ਮੋਗਾ ਇਲਾਕੇ ਦੀ ਪ੍ਰਸਿੱਧ ਵਿਦਿਅੱਕ ਸੰਸਥਾ ਸੰਤ ਬਾਬਾ ਭਾਗ ਸਿੰਘ ਗਰਲਜ ਕਾਲਜ਼ ਸੁਖਾਨੰਦ ਵਿਖੇ ਗੁਰਮਤ ਵਿੱਦਿਅਕ ਮੁਕਾਬਲੇ ਕਰਵਾਏ ਪਕਖ, ਸੁਖਾਨੰਦ (ਮੋਗਾ) ਦੀਆਂ ਪ੍ਰਤਿਭਾਵਾਨ ਵਿਦਿਆਰਥਣਾਂ ਨੇ ਇਸ ਸਾਲ ਫਿਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਆਯੋਜਿਤ ਅੰਤਰ ਕਾਲਜ ਯੁਵਕ ਮੇਲੇ ਵਿੱਚ ਕਾਲਜ ਦਾ ਨਾਂ ਰੁਸ਼ਨਾਇਆ ਹੈ। ਆਦੇਸ਼ ਯੂਨੀਵਰਸਿਟੀ, ਬਠਿੰਡਾ ਵਿਖੇ ਹੋਏ ਇਸ ਯੁਵਕ ਮੇਲੇ ਵਿੱਚ 62 ਕਾਲਜਾਂ ਨੇ ਸ਼ਿਰਕਤ ਕੀਤੀ ਸੀ। ਸੁਖਾਨੰਦ ਦੀਆਂ ਵਿਦਿਆਰਥਣਾਂ ਨੇ ਇਥੇ ਕਰਵਾਏ ਗਏ ਵੱਖ ਵੱਖ ਮੁਕਾਬਲਿਆਂ ਵਿੱਚ ਭਾਗ ਲਿਆ। ਜਗਮੀਤ ਕੌਰ(ਐੱਮ.ਏ.ਰਾਜਨੀਤੀ ਸ਼ਾਸਤਰ) ਨੇ ਕਵਿਤਾ 'ਵਤਨਾਂ ਤੋਂ ਦੂਰ' ਲਈ ਦੂਜਾ ਇਨਾਮ ਹਾਸਿਲ ਕੀਤਾ।'ਕਿਰਤ ਅਤੇ ਕੀਰਤੀ' ਵਿਸ਼ੇ ਉੱਪਰ ਕਰਵਾਏ ਗਏ ਚਿੱਤਰਕਲਾ ਮੁਕਾਬਲੇ ਵਿੱਚ ਹਰਮਨਪ੍ਰੀਤ ਕੌਰ(ਬੀ.ਏ.ਭਾਗ ਪਹਿਲਾ) ਨੇ ਵੀ ਦੂਜਾ ਸਥਾਨ ਹਾਸਿਲ ਕੀਤਾ । ਨੈਤਿਕ ਸਿੱਖਿਆ ਇਮਤਿਹਾਨ ਵਿੱਚ ਮੈਰਿਟ ਸਥਾਨ ਪ੍ਰਾਪਤ ਕਰਨ ਵਾਲੀਆਂ ਜਸਦੀਪ ਕੌਰ (ਐ.ਏ.ਹਿੰਦੀ), ਮਨਪ੍ਰੀਤ ਕੌਰ (ਐੱਮ.ਏ.ਅੰਗਰੇਜ਼ੀ) ਅਤੇ ਗਗਨਦੀਪ ਕੌਰ (ਬੀ.ਏ. ਭਾਗ ਤੀਜਾ) ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਸੁਖਾਨੰਦ ਕਾਲਜ ਦੁਆਰਾ ਗੁਰਮਤਿ ਗਿਆਨ ਨਾਲ ਵਿਦਿਆਰਥਣਾਂ ਨੂੰ ਵੱਧ ਤੋਂ ਵੱਧ ਜੋੜਨ ਲਈ ਵਿਸ਼ੇਸ਼ ਸਨਮਾਨ ਚਿੰਨ੍ਹ ਭੇਟਾ ਕੀਤਾ ਗਿਆ। ਇਸ ਯੁਵਕ ਮੇਲੇ ਵਿੱਚ ਪ੍ਰੋਫੈਸਰ ਸਤਵਿੰਦਰ ਕੌਰ, ਪ੍ਰੋਫੈਸਰ ਅਮਨਦੀਪ ਕੌਰ(ਸੇਖਾਂ) ਅਤੇ ਪ੍ਰੋਫੈਸਰ ਅਰਸ਼ਦੀਪ ਕੌਰ ਨੇ ਕਾਲਜ ਦੀ ਪ੍ਰਤੀਨਿਧਤਾ ਕੀਤੀ।ਕਾਲਜ ਦੇ ਵਾਇਸ ਚੇਅਰਮੈਨ ਮੱਖਣ ਸਿੰਘ ਨੇ ਅਤੇ ਪ੍ਰਿੰਸੀਪਲ ਡਾ. ਸੁਖਵਿੰਦਰ ਕੌਰ ਜੀ ਨੇ ਜੇਤੂ ਵਿਦਿਆਰਥਣਾਂ ਦੀ ਹੌਂਸਲਾ ਅਫ਼ਜ਼ਾਈ ਕਰਦੇ ਹੋਏ ਉਨ੍ਹਾਂ ਨੂੰ ਗੁਰਮਤਿ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।